## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ

ਹੁਕਮ ਨੰ: 10/62-2014 ਅ 1(4) ਕੋ:ਸੈਲ:3
ਮਿਤੀ, ਐਸ.ਏ.ਐਸ.ਨਗਰ :- 29-12-15

ਸ਼੍ਰੀਮਤੀ ਦਲਬੀਰ ਕੌਰ, ਲੈਕਚਰਾਰ ਜੌਗਰਾਫੀ, ਸਸਸਸ, ਤਲਵੰਡੀ ਕਲਾਂ(ਲੁਧਿਆਣਾ) ਬਾਅਦ ਵਿੱਚ ਸਸਸਸ ਨੱਥੂ ਵਾਲਾ ਜਦੀਦ(ਮੋਗਾ), ਜੋ ਮਿਤੀ 19-10-2010 ਤੋਂ ਸਰਕਾਰੀ ਡਿਊਟੀ ਤੋਂ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਚੱਲੀ ਆ ਰਹੀ ਹੈ, ਨੂੰ ਇਸ ਦਫਤਰ ਦੇ ਪੱਤਰ ਨੰ: 10/62-14 ਅ-1 (4) ਮਿਤੀ 08-09-14/10-10-14 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਦੇ ਨਿਯਮ 5(v-ix) ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਦੋਸ਼ ਵਿਵਰਣ ਮੁਤਾਬਕ ਇਹ ਕਰਮਚਾਰਨ ਮਿਤੀ 19.10.10 ਤੋਂ ਮਿਤੀ 10.12.12 ਤੱਕ ਗੈਰ ਹਾਜਰ ਰਹੀ ਅਤੇ ਮਿਤੀ 11.12.12 ਨੂੰ ਹਾਜਰ ਹੋ ਕੇ ਮੁੜ ਗੈਰ ਹਾਜਰ ਚਲਦੀ ਰਹੀ। ਕਰਮਚਾਰਨ ਦੇ ਗੈਰ ਹਾਜਰ ਰਹਿਣ ਕਾਰਨ ਸਰਕਾਰ ਦੇ ਪੱਤਰ ਨੰ:7/173/2011-5ਸਿ2/9427 ਮਿਤੀ 09.12.11 ਰਾਹੀਂ ਸ਼੍ਰੀਮਤੀ ਦਲਬੀਰ ਕੌਰ, ਲੈਕ: ਜੌਗਰਾਫੀ ਨੂੰ ਮਿਤੀ 19.01.2011 ਤੋਂ ਗੈਰ ਹਾਜਰ ਰਹਿਣ ਲਈ ਦੋਸ਼ ਸੂਚੀ ਜਾਰੀ ਕੀਤੀ ਗਈ ਸੀ।

ਕਰਮਚਾਰਨ ਵੱਲੋਂ ਦੋਸ਼ ਸੂਚੀ ਵਿਰੁੱਧ ਭੇਜਿਆ ਗਿਆ ਜਵਾਬ ਤਸੱਲੀਬਖਸ਼ ਨਾ ਪਾਏ ਜਾਣ ਕਾਰਨ ਇਸ ਕਰਮਚਾਰਨ ਵਿਰੁੱਧ ਰੈਗੂਲਰ ਪੜਤਾਲ ਕਰਨ ਲਈ ਸਰਕਾਰ ਵੱਲੋਂ ਹੁਕਮ ਨੰ: ਸਿ-2 ਦੇ ਹੁਕਮ ਨੰ:7/173/11-5ਸਿ2/1247 ਮਿਤੀ 10.02.12 ਰਾਹੀਂ ਸ੍ਰੀ ਚਰਨਜੀਤ ਸਿੰਘ ਉ:ਜਿ:ਸਿ:ਅ:(ਸੈਸਿ) ਲੁਧਿਆਣਾ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲੀਆ ਅਫਸਰ ਵੱਲੋਂ ਆਪਣੇ ਪੱਤਰ ਨੰ:ਉਪ/ਲੁਧਿਆਣਾ/8/2012-42 ਮਿਤੀ 11.09.12 ਰਾਹੀਂ ਪੜਤਾਲ ਰਿਪੋਰਟ ਭੇਜਦੇ ਹੋਏ ਹੇਠ ਲਿਖੇ ਅਨੁਸਾਰ ਸਿੱਟਾ ਕੱਢਿਆ ਗਿਆ:-

"ਸ਼੍ਰੀਮਤੀ ਦਲਬੀਰ ਕੌਰ ਸਿੱਖਿਆ ਵਿਭਾਗ ਤੋਂ ਛੁੱਟੀ ਮੰਜੂਰ ਕਰਵਾਏ ਬਗੈਰ ਹੀ ਵਿਦੇਸ਼ ਚਲੀ ਗਈ। ਪੜਤਾਲ ਦੌਰਾਨ ਉਹ ਜਾਣਬੁਝ ਕੇ ਕਿਸੇ ਵੀ ਬੈਠਕ ਵਿੱਚ ਸਾਮਲ ਨਹੀਂ ਹੋਈ। ਇੱਥੇ ਇਹ ਵੀ ਵਿਸੇਸ਼ ਤੌਰ ਤੇ ਵਰਣਨਯੋਗ ਹੈ ਕਿ ਮਿਤੀ 12.10.12 ਨੂੰ ਮਾਨਯਗ ਐਗਜੇਕਟਿਵ ਮੇਜਿਸਟ੍ਰੇਟ ਮੁਲਾਂਪੁਰ ਦਾਖਾ ਤੋਂ ਤਸਦੀਕ ਕਰਵਾ ਕੇ ਵਿਭਾਗ ਨੂੰ ਇਕ ਹਲਫੀਆ ਬਿਆਨ ਦਿੱਤਾ ਗਿਆ ਜਿਸ ਵਿੱਚ ਸਪਸ਼ਟ ਤੌਰ ਤੇ ਲਿਖਿਆ ਗਿਆ ਹੈ ਕਿ ਉਹ ਛੁੱਟੀ ਖਤਮ ਹੋਣ ਤੇ ਆਪਣੀ ਡਿਊਟੀ ਤੇ ਹਾਜਰ ਨਹੀਂ ਹੁੰਦੀ ਤਾਂ ਉਸ ਦਾ ਅਸਤੀਫਾ ਮੰਨ ਲਿਆ ਜਾਵੇ। ਸਿੱਖਿਆ ਵਿਭਾਗ ਤੋਂ ਛੁੱਟੀ ਮੰਜੂਰ ਕਰਵਾਏ ਬਗੈਰ ਹੀ ਵਿਦੇਸ਼ ਚਲੇ ਜਾਣਾ, ਡਿਊਟੀ ਤੇ ਗੈਰ ਹਾਜਰ ਰਹਿਣਾ ਅਤੇ ਪੜਤਾਲ ਵਿੱਚ ਜਾਣਬੁਝ ਕੇ ਹਾਜਰ ਨਾ ਹੋਣਾ, ਪਹਿਲਾਂ ਹੀ ਆਪਣਾ ਅਸਤੀਫਾ ਸਿੱਖਿਆ ਵਿਭਾਗ ਨੂੰ ਸੌਂਪ ਜਾਣਾ ਆਦਿ ਨੂੰ ਵਾਚਣ, ਘੋਖਣ, ਸਮਝਣ, ਪਰਖਣ ਉਪਰੰਤ ਇਹ ਕਹਿਣ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਕਰਮਚਾਰਨ ਦਾ ਡਿਊਟੀ ਤੇ ਹਾਜਰ ਹੋਣ ਦਾ ਜਾਂ ਨੌਕਰੀ ਕਰਨ ਦਾ ਕੋਈ ਇਰਾਦਾ ਹੀ ਨਹੀਂ ਹੈ। "

ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਲੰਬੇ ਸਮੇਂ ਤੋਂ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਚੱਲੇ ਆ ਰਹੇ 10 ਅਧਿਆਪਕਾਂ ਲਈ ਇਕ ਸਾਂਝਾ ਪਬਲਿਕ ਨੋਟਿਸ ਮਿਤੀ 28.07.15 ਨੂੰ ਦਿੱਤਾ ਗਿਆ ਜਿਸ ਵਿੱਚ ਸ਼੍ਰੀਮਤੀ ਦਲਬੀਰ ਕੌਰ, ਲੈਕਚਰਾਰ ਜੌਗਰਾਫੀ, ਸਸਸਸ ਤਲਵੰਡੀ ਕਲਾਂ, ਲੁਧਿਆਣਾ ਬਾਅਦ ਵਿੱਚ ਸਸਸਸ ਨੱਥੂਵਾਲ ਜਦੀਦ(ਮੋਗਾ) ਦਾ ਨਾਮ ਲੜੀ ਨੰ:7 ਤੇ ਸ਼ਾਮਲ ਸੀ। ਇਸ ਨੋਟਿਸ ਰਾਹੀਂ ਸਬੰਧਤਾਂ ਨੂੰ 21 ਦਿਨਾਂ ਦੇ ਅੰਦਰ-ਅੰਦਰ ਨਿਜੀ ਪੱਧਰ ਤੇ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰਨ ਲਈ ਸੂਚਿਤ ਕੀਤਾ ਗਿਆ। ਇਹ ਵੀ ਲਿਖਿਆ ਗਿਆ ਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਪੱਖ ਵਿੱਚ ਕੁਝ ਨਹੀਂ ਕਹਿਣਾ ਚਾਹੁੰਦੀ ਅਤੇ ਆਪਣੇ ਉਪਰ ਲੱਗੇ ਦੋਸ਼ਾਂ ਨੂੰ ਮੰਨਦੀ ਹੈ ਅਤੇ ਇਨ੍ਹਾਂ ਵਿਰੁੱਧ ਪੰਜਾਬ ਸਿਵਲ ਸੇਵਾਵਾਂ(ਦੰਡ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 5(viii) ਅਧੀਨ ਇੱਕ ਤਰਫਾ ਕਾਰਵਾਈ ਕਰਦੇ ਹੋਏ ਇਨ੍ਹਾਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਜਾਣਗੀਆਂ।

ਪਰੰਤੂ ਪਬਲਿਕ ਨੋਟਿਸ ਦੇ ਸਨਮੁੱਖ ਵੀ ਕਰਮਚਾਰਨ ਆਪਣਾ ਪੱਖ ਪੇਸ਼ ਕਰਨ ਲਈ ਪੇਸ਼ ਨਹੀਂ ਹੋਈ, ਨਾ ਹੀ ਉਸ ਵੱਲੋਂ ਕੋਈ ਜਵਾਬ ਭੇਜਿਆ ਗਿਆ।

ਉਕਤ ਦਿੱਤੀ ਸਥਿਤੀ ਦੇ ਚੱਲਦੇ ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ, ਸ਼੍ਰੀਮਤੀ ਦਲਬੀਰ ਕੌਰ, ਲੈਕਚਰਾਰ ਜੌਗਰਾਫੀ, ਸਸਸਸ, ਤਲਵੰਡੀ ਕਲਾਂ(ਲੁਧਿਆਣਾ) ਬਾਅਦ ਵਿੱਚ ਸਸਸਸ ਨੱਥੂ ਵਾਲਾ ਜਦੀਦ(ਮੋਗਾ), ਜੋ ਮਿਤੀ 19.10.2010 ਤੋਂ 10.12.2012 ਤੱਕ ਗੈਰ ਹਾਜ਼ਰ ਰਹੀ, ਮਿਤੀ 11.12.2012 ਨੂੰ ਹਾਜਰੀ ਰਿਪੋਰਟ ਦੇਣ ਉਪਰੰਤ ਮੁੜ ਗੈਰ ਹਾਜਰ ਹੋ ਗਈ ਅਤੇ ਮਿਤੀ 30.10.14 ਤੋਂ 31.12.14 ਤੱਕ ਹਾਜਰ ਹੋਣ ਉਪਰੰਤ ਮਿਤੀ 01.01.15 ਤੋਂ ਲਗਾਤਾਰ ਅਣਅਧਿਕਾਰਤ ਤੌਰ ਤੇ ਸਰਕਾਰੀ ਡਿਊਟੀ ਤੋਂ ਜਾਣਬੁਝ ਕੇ ਗੈਰ ਹਾਜ਼ਰ ਚੱਲ ਰਹੀ ਹੈ, ਦੀਆਂ ਸੇਵਾਵਾਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 5 (viii) ਅਧੀਨ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਪਿਠ ਅੰਕਣ ਨੰ: ਉਕਤ 22558-64 ਮਿਤੀ, ਐਸ.ਏ.ਐਸ.ਨਗਰ :- 31/12/18

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਨਾਭਾ।
2. ਮੰਡਲ ਸਿੱਖਿਆ ਅਫਸਰ, ਫਰੀਦਕੋਟ।
3. ਜਿਲਾ ਸਿੱਖਿਆ ਅਫਸਰ (ਸੈ:ਸਿ), ਲੁਧਿਆਣਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾ ਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
4. ਜਿਲਾ ਸਿੱਖਿਆ ਅਫਸਰ (ਸੈ:ਸਿ), ਮੋਗਾ ਨੂੰ ਸੂਚਨਾ ਹਿਤ।
5. ਪ੍ਰਿੰਸੀਪਲ, ਸਸਸਸ, ਤਲਵੰਡੀ ਕਲਾਂ(ਲੁਧਿਆਣਾ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ। ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪੱਤੇ ਤੇ ਵੀ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ।
6. ਪ੍ਰਿੰਸੀਪਲ, ਸਸਸਸ ਨੱਥੂ ਵਾਲਾ ਜਦੀਦ (ਮੋਗਾ) ਨੂੰ ਸੂਚਨਾ ਹਿਤ।
7. ਸ਼੍ਰੀਮਤੀ ਦਲਬੀਰ ਕੌਰ, ਲੈਕਚਰਾਰ ਜੌਗਰਾਫੀ, ਸਸਸਸ, ਤਲਵੰਡੀ ਕਲਾਂ(ਲੁਧਿਆਣਾ) ਹੁਣ ਸਸਸਸ ਨੱਥੂ ਵਾਲਾ ਜਦੀਦ(ਮੋਗਾ)।

ਸੁਪਰਡੰਟ ਕੋਆਰਡੀਨੇਸ਼ਨ ਸੈਲ